# ਸ਼ੁਰੂ ਕਰਦਿਆਂ:

ਨਵੀਆਂ ਆਈਆਂ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬ੍ਰਿਟਿਸ਼ ਕੁਲੰਬੀਆ 'ਚ ਸਿਹਤ ਸੰਭਾਲ ਪ੍ਰਬੰਧ ਨਾਲ ਇਕ ਜਾਣ-ਪਛਾਣ

## ਤੱਥ ਸ਼ੀਟ 3:





*ਆਪਣੀ ਸਿਹਤ ਦਾ ਧਿਆਨ ਰੱਖਣਾ ਕੈਨੇਡਾ ਵਿਚ ਜ਼ਿੰਦਗੀ ਦੇ ਅਨੁਕੂਲ ਹੋਣ ਦਾ ਇਕ ਮਹੱਤਵਪੂਰਨ ਹਿੱਸਾ ਹੈ।*

## ਇਕ ਨਰਸ ਪ੍ਰੈਕਟੀਸ਼ਨਰ (NP) ਕੀ ਹੈ?

ਨਰਸ ਪ੍ਰੈਕਟੀਸ਼ਨਰ (NPs) ਬ੍ਰਿਟਿਸ਼ ਕੁਲੰਬੀਆ 'ਚ ਸਿਹਤ ਸੰਭਾਲ ਪ੍ਰਬੰਧ ਦਾ ਇਕ ਮਹੱਤਵਪੂਰਨ ਹਿੱਸਾ ਹਨ। ਨਰਸ ਪ੍ਰੈਕਟੀਸ਼ਨਰ ਇਕ ਤਜ਼ਰਬੇਕਾਰ ਰਜਿਸਟਰਡ ਨਰਸ (RN) ਹੈ ਜਿਸਨੇ ਮਾਸਟਰਜ਼ ਲੈਵਲ ਦੀ ਵਧੀਕ ਸਿੱਖਿਆ ਅਤੇ ਸਿਖਲਾਈ ਪੂਰੀ ਕੀਤੀ ਹੁੰਦੀ ਹੈ। ਉਹ ਸਰੀਰਕ ਅਤੇ ਮਾਨਸਿਕ ਸਿਹਤ 'ਚ ਸਹਾਇਤਾ ਦੇਣ ਲਈ ਮਰੀਜ਼ਾਂ ਨਾਲ ਕੰਮ ਕਰਦੇ ਹਨ। ਨਰਸ ਪ੍ਰੈਕਟੀਸ਼ਨਰ ਕਮਿਊਨਿਟੀ ਕਲਿਨਿਕਾਂ, ਹਸਪਤਾਲਾਂ ਅਤੇ ਡਾਕਟਰਾਂ ਦੇ ਦਫਤਰਾਂ 'ਚ ਕੰਮ ਕਰਦਿਆਂ ਹੋਇਆਂ ਸਿਹਤ ਸੰਭਾਲ ਪ੍ਰਬੰਧ ਤੱਕ ਪਹੁੰਚ ਨੂੰ ਅਤੇ ਆਮ ਮੁੱਢਲੀ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਿਆਂ ਕੋਲ ਮਰੀਜ਼ਾਂ ਦੀ ਗਿਣਤੀ ਨੂੰ ਵਧਾਉਂਦੇ ਹਨ।

## ਮੁੱਢਲੀ ਸਿਹਤ ਸੰਭਾਲ ਕੀ ਹੈ?

ਜਦੋਂ ਤੁਸੀਂ ਬੀਮਾਰ ਹੋ ਜਾਂ ਤੁਹਾਡਾ ਕੋਈ ਮੈਡੀਕਲ ਸਬੰਧੀ ਸੁਆਲ ਹੈ ਤਾਂ ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡੀ ਮਦਦ ਕੌਣ ਕਰ ਸਕਦਾ ਹੈ। **ਮੁੱਢਲੀ ਸਿਹਤ ਸੰਭਾਲ** ਉਸ ਮਦਦ ਨੂੰ ਆਖਦੇ ਹਨ ਜਿਹੜੀ ਤੁਸੀਂ ਉਦੋਂ ਪ੍ਰਾਪਤ ਕਰਦੇ ਹੋ ਜਦੋਂ ਤੁਸੀਂ ਪਹਿਲੀ ਪੱਧਰ 'ਤੇ ਬੀਮਾਰ ਹੁੰਦੇ ਹੋ ਜਾਂ ਜਦੋਂ ਤੁਹਾਨੂੰ ਕਿਸੇ ਚਿਰਕਾਲੀ ਬੀਮਾਰੀ (ਜਿਵੇਂ ਕਿ ਡਾਇਬਿਟੀਜ਼ ਅਤੇ ਹਾਈ ਬਲੱਡ ਪ੍ਰੈਸ਼ਰ) ਨਾਲ ਨਿਪਟਣ 'ਚ ਮਦਦ ਦੀ ਲੋੜ ਹੁੰਦੀ ਹੈ, ਪਰ ਤੁਸੀਂ ਏਨੇ ਬੀਮਾਰ ਜਾਂ ਫੱਟੜ ਨਹੀਂ ਹੁੰਦੇ ਕਿ ਤੁਹਾਨੂੰ ਐਮਰਜੈਂਸੀ ਸੇਵਾਵਾਂ ਲਈ ਹਸਪਤਾਲ ਜਾਣ ਦੀ ਲੋੜ ਹੋਵੇ। ਇਸ ਗੱਲ 'ਤੇ ਨਿਰਭਰ ਕਰਦਿਆਂ ਕਿ ਤੁਹਾਨੂੰ ਕਾਹਦੀ ਲੋੜ ਹੈ ਅਤੇ ਤੁਸੀਂ ਸਿਹਤ ਸੰਭਾਲ ਲਈ ਕਿੱਥੇ ਜਾਂਦੇ ਹੋ, ਤੁਹਾਡੀ ਸਿਹਤ ਸੰਭਾਲ 'ਚ ਕਈ ਵੱਖ ਵੱਖ ਲੋਕ ਸ਼ਾਮਲ ਹੋ ਸਕਦੇ ਹਨ। ਇਹ ਤੱਥ ਸ਼ੀਟ ਬ੍ਰਿਟਿਸ਼ ਕੁਲੰਬੀਆ 'ਚ ਨਰਸ ਪ੍ਰੈਕਟੀਸ਼ਨਰਾਂ ਦੇ ਰੋਲ, ਸਮੇਤ ਸੇਵਾਵਾਂ ਅਤੇ ਫਾਇਦੇ ਜਿਹੜੇ ਉਹ ਪੇਸ਼ ਕਰ ਸਕਦੇ ਹਨ, ਬਾਰੇ ਵਿਆਖਿਆ ਕਰਦੀ ਹੈ।

## ਨਰਸ ਪ੍ਰੈਕਟੀਸ਼ਨਰ ਕਈ ਸੇਵਾਵਾਂ ਪ੍ਰਦਾਨ ਕਰਦੇ ਹਨ:

ਨਰਸ ਪ੍ਰੈਕਟੀਸ਼ਨਰ:

- ਬੀਮਾਰੀਆਂ ਦੀ ਪਛਾਣ ਕਰਕੇ, ਇਲਾਜ ਕਰਦੇ ਅਤੇ ਉਨ੍ਹਾਂ ਨਾਲ ਨਿਪਟਦੇ ਹਨ
- ਮੈਡੀਕਲ ਟੈਸਟ ਆਰਡਰ ਕਰਦੇ ਅਤੇ ਪੜ੍ਹਦੇ ਹਨ
- ਜਦੋਂ ਜ਼ਰੂਰਤ ਪਵੇ, ਬਹੁਤੀਆਂ ਦਵਾਈਆਂ ਲਈ ਨੁਸਖੇ ਲਿਖਦੇ ਹਨ
- ਸਿਹਤ ਸਿੱਖਿਆ ਪ੍ਰਦਾਨ ਕਰਦੇ ਹਨ

ਨਰਸ ਪ੍ਰੈਕਟੀਸ਼ਨਰ ਬੱਚਿਆਂ ਦਾ ਜਣੇਪਾ ਨਹੀਂ ਕਰਾਉਂਦੇ ਜਾਂ ਸਰਜਰੀ ਨਹੀਂ ਕਰਦੇ।

## ਨਰਸ ਪ੍ਰੈਕਟੀਸ਼ਨਰ ਰੱਖਣ ਦੇ ਫਾਇਦੇ:

- ਨਰਸ ਪ੍ਰੈਕਟੀਸ਼ਨਰ ਤੱਕ ਪਹੁੰਚ ਤੁਰੰਤ ਅਤੇ ਸੁਖਾਲੀ ਹੈ, ਐਪੁਆਇੰਟਮੈਂਟਾਂ ਆਸਾਨੀ ਨਾਲ ਮਿਲਦੀਆਂ ਹਨ
- ਮਰੀਜ਼ਾਂ ਲਈ ਮੁੱਲਵਾਨ ਅਤੇ ਭਰੋਸੇਯੋਗ ਹਨ
- ਚਿਰਕਾਲੀ ਬੀਮਾਰੀਆਂ ਜਿਵੇਂ ਕਿ ਡਾਇਬਿਟੀਜ਼ ਅਤੇ ਹਾਈ ਬਲੱਡ ਪ੍ਰੈਸ਼ਰ ਨਾਲ ਉੱਚ ਦਰਜ਼ੇ ਦੇ ਤਰੀਕੇ ਨਾਲ ਨਿਪਟਦੇ ਹਨ

---

## ਨਰਸ ਪ੍ਰੈਕਟੀਸ਼ਨਰ ਕੋਲ ਜਾਣ ਲਈ ਐਪੁਆਇੰਟਮੈਂਟ ਬਣਾਉਣਾ:

ਐਪੁਆਇੰਟਮੈਂਟ ਬਣਾਉਣ ਲਈ ਨਰਸ ਪ੍ਰੈਕਟੀਸ਼ਨਰ ਦੇ ਕਲੀਨਿਕ ਜਾਂ ਦਫਤਰ ਨੂੰ ਫੋਨ ਕਰੋ।

ਜਦੋਂ ਤੁਸੀਂ ਐਪੁਆਇੰਟਮੈਂਟ ਲਈ ਜਾਉ ਤਾਂ ਫਰੰਟ ਡੈਸਕ 'ਤੇ ਬੈਠੇ ਵਿਅਕਤੀ ਨੂੰ ਆਪਣਾ ਨਾਂ ਦੱਸੋ ਅਤੇ ਉਨ੍ਹਾਂ ਨੂੰ ਆਪਣਾ ਬੀ ਸੀ ਸਰਵਿਸਿਜ਼ ਕਾਰਡ ਜਾਂ ਪਛਾਣ-ਪੱਤਰ ਵਿਖਾਉ। ਫਿਰ ਤੁਹਾਨੂੰ ਉਨਾਂ ਚਿਰ ਉਡੀਕ ਕਰਨੀ ਪਵੇਗੀ ਜਿੰਨਾਂ ਚਿਰ ਨਰਸ ਪ੍ਰੈਕਟੀਸ਼ਨਰ ਤੁਹਾਨੂੰ ਵੇਖਣ ਲਈ ਤਿਆਰ ਨਹੀਂ ਹੁੰਦਾ।

---

## ਕੀ ਤੁਹਾਨੂੰ ਫਿਰ ਵੀ ਫੈਮਿਲੀ ਡਾਕਟਰ ਰੱਖਣ ਦੀ ਲੋੜ ਹੈ?

**ਨਰਸ ਪ੍ਰੈਕਟੀਸ਼ਨਰ** ਅਤੇ **ਫੈਮਿਲੀ ਡਾਕਟਰ** (ਅਕਸਰ ਜਨਰਲ ਪ੍ਰੈਕਟੀਸ਼ਨਰ ਜਾਂ GPs ਵਜੋਂ ਜਾਣੇ ਜਾਂਦੇ) ਪਹਿਲੇ ਵਿਅਕਤੀ ਹਨ ਜਿੰਨ੍ਹਾਂ ਕੋਲ ਤੁਸੀਂ ਮੁੱਢਲੀ ਸਿਹਤ ਸੰਭਾਲ ਲਈ ਜਾਉਗੇ। ਨਰਸ ਪ੍ਰੈਕਟੀਸ਼ਨਰ ਤੁਹਾਡੇ ਮੁੱਢਲੀ ਸਿਹਤ ਸੰਭਾਲ ਪ੍ਰਦਾਤਾ ਹੋ ਸਕਦੇ ਹਨ ਜੋ ਤੁਹਾਨੂੰ ਉਹੋ ਜਿਹੀ ਸਿਹਤ ਸੰਭਾਲ ਪ੍ਰਦਾਨ ਕਰਦੇ ਹਨ ਜਿਹੜੀ ਤੁਸੀਂ ਕਿਸੇ ਫੈਮਿਲੀ ਡਾਕਟਰ ਕੋਲੋਂ ਪ੍ਰਾਪਤ ਕਰਦੇ ਹੋ। ਜੇਕਰ ਵਧੇਰੇ ਸਿਹਤ ਸੰਭਾਲ ਦੀ ਜ਼ਰੂਰਤ ਹੋਵੇ ਤਾਂ ਤੁਹਾਡਾ ਨਰਸ ਪ੍ਰੈਕਟੀਸ਼ਨਰ ਤੁਹਾਨੂੰ ਡਾਕਟਰ ਜਾਂ ਸਪੈਸ਼ਲਿਸਟ ਕੋਲ ਭੇਜ ਦੇਵੇਗਾ।

---

## ਸਿਹਤ ਸੰਭਾਲ 'ਚ ਤੁਹਾਡਾ ਰੋਲ

ਤੁਸੀਂ ਆਪਣੀ ਸਿਹਤ ਸੰਭਾਲ ਦਾ ਇਕ ਮਹੱਤਵਪੂਰਨ ਭਾਗ ਹੋ। ਆਪਣੇ ਸਿਹਤ ਸੰਭਾਲ ਪ੍ਰਦਾਤਿਆਂ (ਜਿਵੇਂ ਕਿ ਨਰਸ ਪ੍ਰੈਕਟੀਸ਼ਨਰ) ਨੂੰ ਜਾਣਨਾਂ ਅਤੇ ਉਨ੍ਹਾਂ ਦੇ ਰੋਲ ਨੂੰ ਸਮਝਣਾ ਤੁਹਾਨੂੰ ਆਪਣੀ ਸਿਹਤ ਸੰਭਾਲ ਬਾਰੇ ਯੋਜਨਾਂ ਬਣਾਉਣ 'ਚ ਸਹਾਈ ਹੋਵੇਗਾ। ਤੁਸੀਂ ਆਪਣੀਆਂ ਐਪੁਆਇੰਟਮੈਂਟਾਂ, ਇਲਾਜਾਂ ਅਤੇ ਦਵਾਈਆਂ ਦਾ ਰਿਕਾਰਡ ਰੱਖਣ ਦੁਆਰਾ ਆਪਣੇ ਨਰਸ ਪ੍ਰੈਕਟੀਸ਼ਨਰ ਦੀ ਮਦਦ ਕਰ ਸਕਦੇ ਹੋ। ਤੁਸੀਂ ਜਿਹੜੇ ਹੋਰ ਸਿਹਤ ਸੰਭਾਲ ਵਰਕਰਾਂ ਕੋਲ ਜਾਂਦੇ ਹੋ ਉਨ੍ਹਾਂ ਨਾਲ ਇਹ ਜਾਣਕਾਰੀ ਸਾਂਝੀ ਕਰ ਸਕਦੇ ਹੋ ਤਾਂ ਕਿ ਤੁਹਾਨੂੰ ਉੱਤਮ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਉਹ ਤੁਹਾਡੇ ਨਾਲ ਅਤੇ ਤੁਹਾਡੇ ਨਰਸ ਪ੍ਰੈਕਟੀਸ਼ਨਰ ਨਾਲ ਰਲ ਕੇ ਕੰਮ ਕਰ ਸਕਣ।

---

## ਲਿੰਕ



ਜੇਕਰ ਤੁਹਾਨੂੰ ਸਿਹਤ ਸੰਭਾਲ ਦੀ ਝਟਪਟ ਲੋੜ ਹੈ ਅਤੇ ਇਹ ਕੋਈ ਐਮਰਜੈਂਸੀ ਨਹੀਂ ਤਾਂ ਤੁਸੀਂ ਆਪਣੀ ਸਿਹਤ ਸਮੱਸਿਆ ਅਤੇ ਮਦਦ ਲੈਣ ਲਈ ਕਿੱਥੇ ਜਾਣਾ ਹੈ, ਬਾਰੇ ਕਿਸੇ (ਜਿਵੇਂ ਨਰਸ, ਫਾਰਮਾਸਿਸਟ ਜਾਂ ਡਾਇਟੀਸ਼ੀਅਨ) ਨਾਲ ਗੱਲ ਕਰਨ ਲਈ 8-1-1 'ਤੇ ਫੋਨ ਕਰ ਸਕਦੇ ਹੋ। ਇਹ ਸੇਵਾ ਮੁਫਤ ਹੈ ਅਤੇ ਕਈ ਭਾਸ਼ਾਵਾਂ 'ਚ ਉਪਲਬਧ ਹੈ।

ਜੇਕਰ ਤੁਹਾਡੀ ਗੰਭੀਰ ਦੁਰਘਟਨਾਂ ਹੋ ਜਾਂਦੀ ਹੈ ਜਾਂ ਤੁਸੀਂ ਅਚਾਨਕ ਬਹੁਤ ਬਿਮਾਰ ਹੋ ਜਾਂਦੇ ਹੋ ਤਾਂ ਤੁਹਾਨੂੰ ਕਿਸੇ ਹਸਪਤਾਲ ਦੀ ਐਮਰਜੈਂਸੀ 'ਚ ਜਾਣਾ ਚਾਹੀਦਾ ਹੈ। ਜੇਕਰ ਤੁਹਾਡੇ ਕੋਲ ਮੈਡੀਕਲ ਸਰਵਿਸਿਜ਼ ਪਲੈਨ ਹੈਲਥ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਕੋਈ ਪੈਸੇ ਅਦਾ ਕਰਨ ਦੀ ਲੋੜ ਨਹੀਂ ਹੋਵੇਗੀ।

ਜੇਕਰ ਤੁਹਾਨੂੰ ਐਂਬੂਲੈਂਸ ਚਾਹੀਦੀ ਹੈ ਤਾਂ 9-1-1 'ਤੇ ਫੋਨ ਕਰੋ।

Canada
BRITISH COLUMBIA
This project is made possible through funding from the Government of Canada
BC WOMEN'S HOSPITAL+ HEALTH CENTRE
An agency of the Provincial Health Services Authority
British Columbia Centre of Excellence for Women's Health

© BC Women's Hospital + Health Centre and BC Centre of Excellence for Women's Health 2014